**ਪੰਜਾਬ ਸਕੂਲ ਸਿੱਖਿਆ ਬੋਰਡ**

**ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062**

**(ਅਕਾਦਮਿਕ ਸ਼ਾਖਾ)**

ਵੱਲ

ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ / ਮੁੱਖ ਅਧਿਆਪਕਾਂ / ਮੁੱਖ
ਸੀਨੀਅਰ ਸੈਕੰਡਰੀ ਤੇ ਹਾਈ ਸਕੂਲ।

ਨੰ: **ਪਸਸਬ-ਅਕਾਦਮਿਕ / 2021** 239........ **ਮਿਤੀ** 26/4/21

ਵਿਸ਼ਾ:- **ਦਾਖਲਾ ਸਾਲ 2021-22 ਲਈ ਪੰਜਵੀਂ, ਅੱਠਵੀ, ਨੌਵੀਂ, ਦਸਵੀਂ, ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦਾ ਦਾਖਲਾ ਸ਼ਡਿਊਲ।**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਾਖਲਾ ਸਾਲ 2021-22 ਲਈ ਪੰਜਵੀਂ, ਅੱਠਵੀ, ਨੌਵੀਂ, ਦਸਵੀਂ, ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦਾ ਦਾਖਲਾ ਸ਼ਡਿਊਲ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤਾ ਗਿਆ ਹੈ:-

| **ਸ਼੍ਰੇਣੀ** | **ਦਾਖਲੇ ਦੀ ਅੰਤਿਮ ਮਿਤੀ** |
|---|---|
| ਪੰਜਵੀਂ, ਅੱਠਵੀਂ ਤੋਂ ਬਾਰ੍ਹਵੀਂ | 31-08-2021 |

1 ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਪਾਸ /ਫੇਲ ਹੋਏ ਵਿਦਿਆਰਥੀ ਨਤੀਜਾ ਨਿਕਲਣ ਤੋਂ 15 ਦਿਨਾਂ ਅੰਦਰ-ਅੰਦਰ ਜਾ ਕੇ ਸਕੂਲ ਸਿੱਖਿਆ ਵਿਭਾਗ ਵੱਲੋਂ ਜਾਰੀ ਸ਼ਡਿਊਲ ਮੁਤਾਬਿਕ ਛੁੱਟੀਆਂ ਹੋਣ ਤਾਂ ਸਕੂਲ ਖੁਲ੍ਹਣ ਤੋਂ ਬਾਅਦ 10 ਦਿਨਾਂ ਦੇ ਅੰਦਰ ਦਾਖਲਾ ਲੈ ਸਕਦੇ ਹਨ।

2 ਸੰਸਥਾ ਮੁੱਖੀ ਲੇਟ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਦਾਖਲਾ ਲੈਣ ਦੀ ਮਿਤੀ ਤੋਂ 75% ਹਾਜ਼ਰੀਆਂ ਹੋਣੀਆਂ ਯਕੀਨੀ ਬਣਾਉਣਗੇ।

3 ਸਮੂਹ ਸਕੂਲ / ਸੰਸਥਾ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੂਜੇ ਰਾਜਾਂ ਤੋਂ ਚੌਥੀ, ਸੱਤਵੀਂ, ਨੌਵੀਂ, ਦਸਵੀਂ ਅਤੇ ਗਿਆਰ੍ਹਵੀਂ ਸ਼੍ਰੇਣੀ ਪਾਸ ਕਰਕੇ ਆਏ ਵਿਦਿਆਰਥੀਆਂ ਨੂੰ ਦਾਖਲੇ ਲਈ ਸਮਾਨਤਾ ਪੱਤਰ ਲੈਣਾ ਲਾਜ਼ਮੀ ਨਹੀਂ ਹੈ। ਬੋਰਡ ਦੀ ਵੈੱਬਸਾਈਟ www.pseb.ac.in ਤੇ ਉਪਲਬੱਧ ਐਮ.ਐਚ.ਆਰ.ਡੀ ਵੱਲੋਂ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਨੁਸਾਰ ਹੀ ਦੂਜੇ ਰਾਜਾਂ /ਬੋਰਡਾਂ ਤੋਂ ਪਾਸ ਕਰਕੇ ਆਏ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ। ਉਹ ਵਿਦਿਆਰਥੀਆਂ ਜਿਨ੍ਹਾਂ ਨੇ ਸਕੂਲ ਪੱਧਰ ਦੀ ਪੜ੍ਹਾਈ ਕਿਸੇ ਬਾਹਰਲੇ ਦੇਸ਼ ਤੋਂ ਕੀਤੀ ਹੋਵੇ ਅਤੇ ਅਗਲੇਰੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਰਨਾ ਚਾਹੁੰਦੇ ਹੋਣ ਤਾਂ ਉਹ ਵਿਦਿਆਰਥੀਆਂ ਨੂੰ AIU ਤੋਂ ਪ੍ਰਾਪਤ ਸਮਾਨਤਾ ਪੱਤਰ ਮੁਹੱਈਆ ਕਰਵਾਉਣ ਉਪਰੰਤ ਹੀ ਬੋਰਡ ਵੱਲੋਂ ਸਮਾਨਤਾ ਪੱਤਰ ਜਾਰੀ ਕੀਤਾ ਜਾਵੇਗਾ।

4 ਸਮੂਹ ਸਕੂਲ /ਸੰਸਥਾ ਮੁੱਖੀ ਉਪਰੋਕਤ ਦਾਖਲਾ ਸ਼ਡਿਊਲ ਦੀ ਇੰਨ-ਬਿੰਨ ਪਾਲਣਾ ਕਰਨ ਦੀ ਖੇਚਲ ਕਰਨ।

ਉਪ ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਨੰ: ਪਸਸਬ-ਸੁ-ਅਕਾਦਮਿਕ-2021
ਮਿਤੀ:....................

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਚੇਅਰਮੈਨ ਜੀ ਦੇ ਨਿੱਜੀ ਸਕੱਤਰ, ਵਾਈਸ ਚੇਅਰਮੈਨ ਜੀ ਦੇ ਨਿੱਜੀ ਸਕੱਤਰ ਅਤੇ ਉਪ ਸਕੱਤਰ (ਅਕਾਦਮਿਕ) ਜੀ ਦੇ ਨਿੱਜੀ ਸਹਾਇਕਾਂ ਨੂੰ ਚੇਅਰਮੈਨ ਜੀ, ਵਾਈਸ ਚੇਅਰਮੈਨ ਜੀ, ਸਕੱਤਰ ਜੀ ਅਤੇ ਉਪ ਸਕੱਤਰ (ਅਕਾਦਮਿਕ) ਜੀ ਦੀ ਸੂਚਨਾ ਹਿੱਤ।

2 ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ, ਐਸ.ਏ.ਐਸ.ਨਗਰ।

3 ਡੀ.ਪੀ.ਆਈ.(ਸੈਕੰਡਰੀ ) ਪੰਜਾਬ, ਐਸ.ਏ.ਐਸ.ਨਗਰ।

4 ਪੰਜਾਬ ਰਾਜ ਦੇ ਸਮੂਹ ਸਰਕਾਰੀ ਸਿੱਖਿਆ ਅਫਸਰਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ.) ਨੂੰ :

5 ਸਹਾਇਕ ਸਕੱਤਰ ਰਜਿਸਟ੍ਰੇਸ਼ਨ / ਮਾਇਗ੍ਰੇਸ਼ਨ ਸ਼ਾਖਾ ਅਤੇ ਕੰਪਿਊਟਰ ਸ਼ਾਖਾ ਪੰਜਾਬ ਸਕੂਲ ਸਿੱਖਿਆ ਬੋਰਡ।

26/4/21
ਸੁਪਰਡੰਟ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।